بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਖ਼ੈਬਰ ਅਤੇ ਗ਼ਜ਼ਵਾ ਜ਼ਾਤੁੱਰ ਰਿਕ਼ਾਅ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 11 ਅਪ੍ਰੈਲ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللهِ مِنَ الشَّيْطٰنِ الرَّجِيْمِ ۞ بِسْمِ اللهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਖ਼ੈਬਰ ਦੇ ਬਾਅਦ ਦੇ ਕੁੱਝ ਵਾਕ਼ਿਆਤ ਬਿਆਨ ਹੋ ਰਹੇ ਹਨ, ਇਸ ਵਿੱਚ ਤੀਮਾਅ ਦੇ ਵਸਨੀਕਾਂ ਦੀ ਸੁਲਹ ਦਾ ਵਾਕ਼ਿਆ ਵੀ ਹੈ। ਤੀਮਾਅ ਮਦੀਨੇ ਤੋਂ ਸ਼ਾਮ ਦੇ ਰਸਤੇ ਵਿੱਚ ਇੱਕ ਮਸ਼ਹੂਰ ਸ਼ਹਿਰ ਸੀ। ਤੀਮਾਅ ਦੇ ਵਸਨੀਕਾਂ ਨੇ ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਸੁਲਹ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ਬੂਲ ਕੀਤਾ ਅਤੇ ਤੀਮਾਅ ਦੇ ਯਹੂਦੀਆਂ ਨੂੰ ਆਪਣੇ ਮਾਲੋ ਮਤਾ ਦੇ ਨਾਲ਼ ਆਪਣੇ ਇਲਾਕ਼ੇ ਵਿੱਚ ਰਹਿਣ ਦੀ ਇਜਾਜ਼ਤ ਦੇ ਦਿੱਤੀ। ਇਸੇ ਮੌਕ਼ੇ 'ਤੇ ਫ਼ਜਰ ਦੀ ਨਮਾਜ਼ ਦੀ ਅਦਾਇਗੀ ਵਿੱਚ ਦੇਰ ਦਾ ਵੀ ਜ਼ਿਕਰ ਮਿਲ਼ਦਾ ਹੈ। ਇਸ ਦੀ ਤਫ਼ਸੀਲ ਇੰਝ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਸਾਥੀਆਂ ਦੇ ਨਾਲ਼ ਗ਼ਜ਼ਵਾ ਖ਼ੈਬਰ ਤੋਂ ਪਰਤਦੇ ਵੇਲ਼ੇ ਸਾਰੀ ਰਾਤ ਚੱਲਦੇ ਰਹੇ, ਫਿਰ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਨੀਂਦ ਆਈ ਤਾਂ ਮਦੀਨੇ ਦੇ ਨੇੜੇ ਆਰਾਮ ਦੇ ਲਈ ਪੜਾਓ ਕੀਤਾ ਅਤੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਅੱਜ ਦੀ ਰਾਤ ਤੂੰ ਸਾਡੀ ਨਮਾਜ਼ ਦੇ ਵੇਲ਼ੇ ਦੀ ਹਿਫ਼ਾਜ਼ਤ ਕਰ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਜਾਗਣ ਦੇ ਲਈ ਨਫ਼ਲ ਪੜ੍ਹਦੇ ਰਹੇ, ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਬਾਕ਼ੀ ਸਹਾਬਾ ਸੌਂ ਗਏ। ਜਦ ਫ਼ਜਰ ਦਾ ਵੇਲ਼ਾ ਨੇੜੇ ਆਇਆ ਤਾਂ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੇ ਆਪਣੀ ਸਵਾਰੀ ਦਾ ਸਹਾਰਾ ਲਿਆ ਤਾਂ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਵੀ ਨੀਂਦ ਆ ਗਈ। ਬਸ ਨਾ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਨਾ ਸਹਾਬਾ ਵਿੱਚੋਂ ਕਿਸੇ ਦੀ ਅੱਖ ਖੁੱਲ੍ਹੀ ਅਤੇ ਨਾ ਹੀ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਦੀ ਅੱਖ ਖੁੱਲ੍ਹੀ, ਇੱਥੋਂ ਤੱਕ ਕਿ ਧੁੱਪ ਉਹਨਾਂ ਲੋਕਾਂ 'ਤੇ ਪਈ ਅਤੇ ਫਿਰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਸਭ ਤੋਂ ਪਹਿਲਾਂ ਜਾਗੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਿਕਰਮੰਦ ਹੋਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਤੋਂ ਪੁੱਛਿਆ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉੱਥੋਂ ਚੱਲਣ ਦਾ ਹੁਕਮ ਦਿੱਤਾ ਅਤੇ ਥੋੜੀ ਦੂਰ ਜਾ ਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵਜ਼ੂ ਕੀਤਾ ਅਤੇ ਸਵੇਰ ਦੀ ਨਮਾਜ਼ ਬਾ-ਜਮਾਅਤ ਪੜ੍ਹਾਈ। ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਸ਼ਖ਼ਸ ਨਮਾਜ਼ ਨੂੰ ਭੁੱਲ ਜਾਵੇ ਉਸਨੂੰ ਚਾਹੀਦਾ ਹੈ ਕਿ ਯਾਦ ਆਉਣ 'ਤੇ ਉਸਨੂੰ ਪੜ੍ਹ ਲਵੇ ਕਿਉਂਕਿ ਅੱਲਾਹ ਨੇ ਫ਼ਰਮਾਇਆ ਹੈ ਕਿ ਨਮਾਜ਼ ਨੂੰ ਮੇਰੇ ਜ਼ਿਕਰ ਦੇ ਲਈ ਕ਼ਾਇਮ ਕਰੋ।

ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮਦੀਨੇ ਵਾਪਸ ਆਉਂਦੇ ਹੋਏ ਲੋਕ ਬੁਲੰਦ ਆਵਾਜ਼ ਵਿੱਚ ਤਕਬੀਰਾਂ ਕਹਿਣ ਲੱਗੇ ਤਾਂ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਆਪਣੀਆਂ ਆਵਾਜ਼ਾਂ ਹੌਲੀਆਂ ਰੱਖੋ, ਤੁਸੀਂ ਕਿਸੇ ਬੋਲੇ ਜਾਂ ਗ਼ੈਰ ਹਾਜ਼ਰ ਨੂੰ ਨਹੀਂ ਪੁਕਾਰ ਰਹੇ।

ਮੁਸਲਮਾਨਾਂ ਦਾ ਇਹ ਸਫਰ ਜਿਹੜਾ ਮੁਹੱਰਮ ਸੱਤ ਹਿਜਰੀ ਨੂੰ ਸ਼ੁਰੂ ਹੋਇਆ ਸੀ, ਖ਼ੁਦਾ ਤਆਲਾ ਦੇ ਫ਼ਜ਼ਲਾਂ ਅਤੇ ਕਾਮਯਾਬੀਆਂ ਸਮੇਟਦਾ ਹੋਇਆ ਸਫ਼ਰ ਦੇ ਅੰਤ ਜਾਂ ਰਬੀਉਲ ਅੱਵਲ ਦੇ ਸ਼ੁਰੂ ਵਿੱਚ ਵਾਪਸੀ ‘ਤੇ ਮੁਕੰਮਲ ਹੋਇਆ।

ਮੁਸਲਮਾਨਾਂ ਦੇ ਹੱਕ ਵਿੱਚ ਫ਼ਤਹਿ ਖ਼ੈਬਰ ਦੇ ਬਹੁਤ ਸਾਰੇ ਅਸਰ ਜ਼ਾਹਿਰ ਹੋਏ ਜਿਹਨਾਂ ਵਿੱਚੋਂ ਇੱਕ ਬੁਨਿਆਦੀ ਅਸਰ ਇਹ ਹੋਇਆ ਕਿ ਅਰਬ ਵਿੱਚ ਆਲੇ ਦੁਆਲੇ ਦੇ ਬਹੁਤ ਸਾਰੇ ਕ਼ਬੀਲੇ ਜਿਹੜੇ ਮੁਸਲਮਾਨਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਦਾ ਇਰਾਦਾ ਰੱਖਦੇ ਸਨ, ਭੈ ਭੀਤ ਹੋ ਗਏ, ਕਈ ਕ਼ਬੀਲਿਆਂ ਨੇ ਆਪ ਸੁਲਹ ਦਾ ਹੱਥ ਵਧਾਇਆ, ਕੁੱਝ ਨੇ ਆਗਿਆਕਾਰੀ ਕ਼ਬੂਲ ਕਰਨ ਵਿੱਚ ਸਲਾਮਤੀ ਜਾਣੀ। ਖ਼ੈਬਰ ਦਾ ਇੱਕ ਵੱਡਾ ਅਸਰ ਇਹ ਹੋਇਆ ਕਿ ਅਰਬ ਵਿੱਚ ਯਹੂਦੀਆਂ ਦੀ ਤਾਕ਼ਤ ਖ਼ਤਮ ਹੋ ਕੇ ਰਹਿ ਗਈ। ਫਿਰ ਇਸ ਫ਼ਤਿਹ ਦਾ ਮਦੀਨੇ ਦੇ ਮੁਸਲਮਾਨਾਂ ਦੇ ਕਾਰੋਬਾਰ ‘ਤੇ ਬੜਾ ਸਕਾਰਾਤਮਕ ਅਸਰ ਪਿਆ, ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਸਮੇਤ ਕਈ ਸਹਾਬਾ ਬਿਆਨ ਕਰਦੇ ਹਨ ਕਿ ਖ਼ੈਬਰ ਦੀ ਫ਼ਤਿਹ ਦੇ ਬਾਅਦ ਸਾਨੂੰ ਢਿੱਡ ਭਰ ਕੇ ਖਾਣਾ ਨਸੀਬ ਹੁੰਦਾ ਸੀ।

ਇਸ ਦੇ ਬਾਅਦ ਗ਼ਜ਼ਵਾ ਜ਼ਾਤੁੱਰ ਰਿਕ਼ਾਅ ਦਾ ਜ਼ਿਕਰ ਹੈ। ਇਸ ਗ਼ਜ਼ਵੇ ਦੇ ਨਾਮ ਦੀ ਵਜ੍ਹਾ ਇਹ ਹੈ ਕਿ ਇਸ ਇਲਾਕ਼ੇ ਵਿੱਚ ਇੱਕ ਰੁੱਖ ਜਾਂ ਪਹਾੜ ਸੀ ਜਿਸ ਦੇ ਨਾਮ ‘ਤੇ ਇਸ ਗ਼ਜ਼ਵੇ ਦਾ ਇਹ ਨਾਮ ਪੈ ਗਿਆ। ਇੱਕ ਹੋਰ ਵਜ੍ਹਾ ਇਹ ਬਿਆਨ ਹੋਈ ਹੈ ਕਿ ਇਸ ਗ਼ਜ਼ਵੇ ਵਿੱਚ ਸਹਾਬਾ ਦੇ ਕੋਲ ਸਵਾਰੀਆਂ ਬਹੁਤ ਥੋੜੀਆਂ ਸਨ ਅਤੇ ਸਫ਼ਰ ਦੀ ਸ਼ਿੱਦਤ ਅਤੇ ਪਥਰੀਲੀ ਜ਼ਮੀਨ ‘ਤੇ ਚੱਲਣ ਦੀ ਵਜ੍ਹਾ ਨਾਲ ਸਹਾਬਾ ਦੇ ਪੈਰ ਜ਼ਖ਼ਮੀ ਹੋ ਗਏ ਸਨ ਅਤੇ ਉਹ ਪਾਟੇ ਪੁਰਾਣੇ ਕੱਪੜਿਆਂ ਨਾਲ ਪੱਟੀਆਂ ਬਣਾ ਕੇ ਜ਼ਖ਼ਮਾਂ ‘ਤੇ ਬੰਨ੍ਹਦੇ ਰਹੇ, ਕੱਪੜੇ ਦੀਆਂ ਪੱਟੀਆਂ ਨੂੰ ਕਿਉਂਕਿ ਰਿਕ਼ਾਅ ਕਿਹਾ ਜਾਂਦਾ ਹੈ ਇਸ ਲਈ ਇਸ ਗ਼ਜ਼ਵੇ ਦਾ ਇਹ ਨਾਮ ਪੈ ਗਿਆ।

ਇਸ ਗ਼ਜ਼ਵੇ ਦੀ ਤਰੀਕ ਵਿੱਚ ਮਤਭੇਦ ਹੈ। ਇਤਿਹਾਸ ਅਤੇ ਜੀਵਨੀ ਦੀਆਂ ਕਿਤਾਬਾਂ ਵਿੱਚ ਇਸ ਦੀ ਤਰੀਕ ਚਾਰ ਜਾਂ ਪੰਜ ਹਿਜਰੀ ਲਿਖੀ ਹੈ, ਜਦ ਕਿ ਇਮਾਮ ਬੁਖ਼ਾਰੀ ਨੇ ਇੱਕ ਮਜ਼ਬੂਤ ਗਵਾਹੀ ਦੀ ਬਿਨਿਆਦ ‘ਤੇ ਇਸ ਨੂੰ ਗ਼ਜ਼ਵਾ ਖ਼ੈਬਰ ਦੇ ਬਾਅਦ ਸੱਤ ਹਿਜਰੀ ਦਾ ਕ਼ਰਾਰ ਦਿੱਤਾ ਹੈ। ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਵੀ ਆਪਣੇ ਨੋਟਸ ਵਿੱਚ ਇਸ ਨੂੰ ਗ਼ਜ਼ਵਾ ਖ਼ੈਬਰ ਦੇ ਬਾਅਦ ਸੱਤ ਹਿਜਰੀ ਵਿੱਚ ਰੱਖਿਆ ਹੈ। ਇਸ ਗ਼ਜ਼ਵੇ ਦਾ ਕਾਰਨ ਇਹ ਸੀ ਕਿ ਨਜਦ ਦੇ ਇਲਾਕ਼ੇ ਵਿੱਚ ਕੁੱਝ ਲੁਟੇਰੇ ਅਤੇ ਡਕੈਤ ਮੁਸਾਫ਼ਿਰਾਂ ਨੂੰ ਤੰਗ ਕਰਿਆ ਕਰਦੇ ਸਨ। ਉਹਨਾਂ ‘ਤੇ ਕ਼ਾਬੂ ਪਾਉਣਾ ਮੁਸ਼ਕਿਲ ਸੀ। ਇਸੇ ਤਰ੍ਹਾਂ ਇਸ ਗ਼ਜ਼ਵੇ ਦਾ ਇੱਕ ਹੋਰ ਕਾਰਨ ਇਹ ਵੀ ਬਿਆਨ ਕੀਤਾ ਜਾਂਦਾ ਹੈ ਕਿ ਇੱਕ ਕਾਰੋਬਾਰੀ ਮਦੀਨੇ ਆਇਆ ਅਤੇ ਉਸ ਨੇ ਮਦੀਨੇ ਦੇ ਵਸਨੀਕਾਂ ਨੂੰ ਇਹ ਸੂਚਨਾ ਦਿੱਤੀ ਕਿ ਸਾਅਲਬਾ ਦੇ ਵਸਨੀਕ ਅਤੇ ਹੋਰ ਕ਼ਬੀਲੇ ਮੁਸਲਮਾਨਾਂ ਦੇ ਖ਼ਿਲਾਫ਼ ਫ਼ੌਜ ਕਸ਼ੀ ਦਾ ਇਰਾਦਾ ਰੱਖਦੇ ਹਨ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਹ ਖ਼ਬਰ ਮਿਲੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਮੁਹਿੰਮ ਦਾ ਇਰਾਦਾ ਕੀਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮਦੀਨੇ ਤੋਂ ਚਾਰ ਸੌ, ਸੱਤ ਸੌ ਜਾਂ ਅੱਠ ਸੌ ਸਾਥੀਆਂ ਦੇ ਨਾਲ ਇਸ ਗ਼ਜ਼ਵੇ ਦੇ ਲਈ ਰਵਾਨਾ ਹੋਏ।

ਇਸ ਗ਼ਜ਼ਵੇ ਵਿੱਚ ਸਲਾਤੁਲ ਖ਼ੌਫ਼ ਅਦਾ ਕੀਤੇ ਜਾਣ ਦਾ ਵੀ ਜ਼ਿਕਰ ਹੈ। ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਦੀ ਰਿਵਾਇਤ ਹੈ ਕਿ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨਖ਼ਲ ਤੋਂ ਜ਼ਾਤੁੱਰ ਰਿਕ਼ਾਅ ਗਏ ਅਤੇ ਉੱਥੇ ਗ਼ਤਫ਼ਾਨ ਦੀ ਫ਼ੌਜ ਨਾਲ ਸਾਹਮਣਾ ਹੋਇਆ ਪਰ ਕੋਈ ਲੜਾਈ ਨਾ ਹੋਈ, ਅਲਬੱਤਾ ਆਹਮਣੇ ਸਾਹਮਣੇ ਹੁੰਦੇ ਹੋਏ ਹਮਲੇ ਦਾ ਖ਼ਤਰਾ ਰਿਹਾ। ਇਸ ਦੌਰਾਨ ਜਦ ਨਮਾਜ਼ ਦਾ ਵੇਲਾ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-

ਵਸੱਲਮ ਨੇ ਸਲਾਤੁਲ ਖ਼ੌਫ਼ ਅਦਾ ਕੀਤੀ। ਯਾਨੀ ਅਜਿਹੀ ਨਮਾਜ਼ ਜਿਸ ਵਿੱਚ ਅੱਧੇ ਲੋਕ ਅੱਧੀ ਨਮਾਜ਼ ਵਿੱਚ ਸ਼ਾਮਿਲ ਹੋਏ ਅਤੇ ਫਿਰ ਪਿੱਛੇ ਹਟ ਗਏ ਅਤੇ ਬਾਕ਼ੀ ਅੱਧੇ ਲੋਕ ਆ ਗਏ ਅਤੇ ਉਹਨਾਂ ਨੇ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਨਮਾਜ਼ ਪੜ੍ਹੀ। ਇਸ ਨਮਾਜ਼ ਦਾ ਜ਼ਿਕਰ ਸੂਰਤੁੰਨ ਨਿਸਾ ਵਿੱਚ ਮਿਲ਼ਦਾ ਹੈ, ਅਜਿਹੀ ਖ਼ੌਫ਼ ਦੀ ਹਾਲਤ ਵਿੱਚ ਕਿਸ ਤਰ੍ਹਾਂ ਨਮਾਜ਼ ਪੜ੍ਹੀ ਜਾਵੇ। ਬੁਖ਼ਾਰੀ ਸ਼ਰੀਫ਼ ਦੀ ਵਿਆਖਿਆ ਕਰਨ ਵਾਲ਼ੇ ਅੱਲਾਮਾ ਬਦਰੁੱਦ ਦੀਨ ਐਨੀ ਲਿਖਦੇ ਹਨ ਕਿ ਸਲਾਤੁਲ ਖ਼ੌਫ਼ ਦੇ ਬਾਰੇ ਮਤਭੇਦ ਹੈ ਕਿ ਪਹਿਲੀ ਵਾਰ ਕਿਸ ਸਾਲ ਇਸਦੇ ਬਾਰੇ ਹੁਕਮ ਨਾਜ਼ਿਲ ਹੋਇਆ। ਸਮੂਹ ਗਿਆਨੀਆਂ ਦਾ ਕਹਿਣਾ ਹੈ ਕਿ ਗ਼ਜ਼ਵਾ ਜ਼ਾਤੁੱਰ ਰਿਕ਼ਾਅ ਵਿੱਚ ਇਹ ਨਮਾਜ਼ ਪਹਿਲੀ ਵਾਰ ਪੜ੍ਹੀ ਗਈ, ਪਰ ਇਸ ਦਾ ਹੁਕਮ ਕਦੋਂ ਨਾਜ਼ਿਲ ਹੋਇਆ ਇਸ ਵਿੱਚ ਗਿਆਨੀਆਂ ਦਾ ਮਤਭੇਦ ਹੈ। ਕਿਸੇ ਨੇ ਇਸ ਦਾ ਹੁਕਮ ਚਾਰ, ਕਿਸੇ ਨੇ ਪੰਜ, ਕਿਸੇ ਨੇ ਛੇ, ਅਤੇ ਕਿਸੇ ਨੇ ਸੱਤ ਹਿਜਰੀ ਦਾ ਕ਼ਰਾਰ ਦਿੱਤਾ ਹੈ। 15 ਦਿਨ ਦੀ ਇਸ ਮੁਹਿੰਮ ਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵਾਪਸ ਮਦੀਨੇ ਦੇ ਵੱਲ ਰਵਾਨਾ ਹੋਏ।

ਇਸ ਗ਼ਜ਼ਵੇ ਨੂੰ ਚਮਤਕਾਰਾਂ ਦਾ ਗ਼ਜ਼ਵਾ ਵੀ ਕ਼ਰਾਰ ਦਿੱਤਾ ਗਿਆ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਇਕ ਦੁਸ਼ਮਣ ਦੇ ਵੱਲੋਂ ਤਲਵਾਰ ਸੌਂਤੇ ਜਾਣ ਦਾ ਵਾਕ਼ਿਆ ਇਸੇ ਗ਼ਜ਼ਵੇ ਦੇ ਦੌਰਾਨ ਪੇਸ਼ ਆਇਆ ਸੀ।

ਇਸੇ ਗ਼ਜ਼ਵੇ ਦੇ ਦੌਰਾਨ ਇੱਕ ਪਰਿੰਦੇ ਦਾ ਵਾਕ਼ਿਆ ਵੀ ਪੇਸ਼ ਆਇਆ। ਜਿਸ ਦੀ ਤਫ਼ਸੀਲ ਇੰਝ ਹੈ ਕਿ ਇਸ ਗ਼ਜ਼ਵੇ ਦੇ ਦੌਰਾਨ ਸਹਾਬਾ ਵਿੱਚੋਂ ਇੱਕ ਸ਼ਖ਼ਸ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਪਰਿੰਦੇ ਦਾ ਇੱਕ ਬੱਚਾ ਲੈ ਕੇ ਆਇਆ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਵੱਲ ਦੇਖ ਰਹੇ ਸਨ ਕਿ ਉਸ ਪਰਿੰਦੇ ਦੀ ਮਾਂ ਜਾਂ ਬਾਪ ਵਿੱਚੋਂ ਇੱਕ ਨੇ ਉਸ ਸਹਾਬੀ ਦੇ ਸਾਹਮਣੇ ਆਪਣੇ ਆਪ ਨੂੰ ਸੁੱਟ ਲਿਆ ਜਿਵੇਂ ਕਿ ਆਪਣਾ ਆਪ ਉਸ ਸਹਾਬੀ ਦੇ ਸਾਹਮਣੇ ਪੇਸ਼ ਕਰ ਦਿੱਤਾ ਹੋਵੇ। ਲੋਕ ਇਸ ਮੰਜ਼ਰ ਨੂੰ ਅਚੰਭੇ ਨਾਲ਼ ਦੇਖ ਰਹੇ ਸਨ, ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ 'ਤੇ ਫ਼ਰਮਾਇਆ ਕਿ ਤੁਸੀਂ ਇਸ ਪਰਿੰਦੇ 'ਤੇ ਅਚੰਭਾ ਕਰਦੇ ਹੋ, ਤੁਸੀਂ ਇਸ ਦੇ ਬੱਚੇ ਨੂੰ ਫੜ ਲਿਆ ਹੈ ਅਤੇ ਇਹ ਪਰਿੰਦਾ ਆਪਣੇ ਬੱਚੇ ਨੂੰ ਆਜ਼ਾਦ ਕਰਾਉਣ ਦੇ ਲਈ ਆਪਣਾ ਆਪ ਤੁਹਾਡੇ ਸਾਹਮਣੇ ਪੇਸ਼ ਕਰ ਰਿਹਾ ਹੈ। ਅੱਲਾਹ ਦੀ ਸਹੁੰ! ਤੁਹਾਡਾ ਰੱਬ ਇਸ ਪਰਿੰਦੇ ਦੇ ਆਪਣੇ ਬੱਚੇ ਤੇ ਰਹਿਮ ਕਰਨ ਤੋਂ ਵੀ ਜ਼ਿਆਦਾ ਤੁਹਾਡੇ 'ਤੇ ਰਹਿਮ ਕਰਦਾ ਹੈ।

ਇਸੇ ਤਰ੍ਹਾਂ ਇਸ ਗ਼ਜ਼ਵੇ ਦੇ ਦੌਰਾਨ ਇੱਕ ਪਾਗਲ ਬੱਚੇ ਦੀ ਸਿਹਤਯਾਬੀ ਦਾ ਵਾਕ਼ਿਆ ਵੀ ਬਿਆਨ ਹੋਇਆ ਹੈ। ਇੱਕ ਪੇਂਡੂ ਔਰਤ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਈ ਅਤੇ ਕਿਹਾ ਕਿ ਇਹ ਮੇਰਾ ਬੇਟਾ ਹੈ ਅਤੇ ਇਸ 'ਤੇ ਪਾਗਲਪਨ ਦਾ ਹਮਲਾ ਹੁੰਦਾ ਹੈ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣਾ ਥੁੱਕ ਉਸ ਬੱਚੇ ਦੇ ਮੂੰਹ ਵਿੱਚ ਪਾਇਆ ਅਤੇ ਤਿੰਨ ਵਾਰ ਫ਼ਰਮਾਇਆ ਕਿ ਐ ਅੱਲਾਹ ਦੇ ਦੁਸ਼ਮਣ! ਇਸ ਤੋਂ ਦੂਰ ਹੋ ਜਾ, ਮੈਂ ਅੱਲਾਹ ਦਾ ਰਸੂਲ ਹਾਂ। ਫਿਰ ਹੁਕਮ ਦਿੱਤਾ ਕਿ ਇਸ ਬੱਚੇ ਨੂੰ ਲੈ ਜਾਓ, ਹੁਣ ਇਸ ਨੂੰ ਇਹ ਤਕਲੀਫ਼ ਫਿਰ ਕਦੀ ਨਹੀਂ ਹੋਵੇਗੀ।

ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਇਸ ਗ਼ਜ਼ਵੇ ਦੇ ਦੌਰਾਨ ਗ਼ਲਬਾ ਬਿਨ ਜ਼ੈਦ ਹਾਰਸੀ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਤਿੰਨ ਆਂਡੇ ਲੈ ਆਏ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਜਾਬਿਰ! ਇਹ ਆਂਡੇ ਲੈ ਲਓ ਅਤੇ ਇਸ ਨੂੰ ਪਕਾਓ। ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਮੈਂ ਉਹ ਆਂਡੇ ਪਕਾਏ ਅਤੇ ਫਿਰ ਰੋਟੀ ਤਲਾਸ਼ ਕੀਤੀ ਪਰ ਨਾ ਮਿਲੀ। ਇਸ 'ਤੇ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਆਪਦੇ ਸਾਥੀ ਰੋਟੀ ਦੇ ਬਗ਼ੈਰ ਹੀ ਉਹ ਆਂਡੇ ਖਾਣ ਲੱਗੇ ਇਥੋਂ ਤੱਕ ਕਿ ਉਹਨਾਂ ਦਾ ਢਿੱਡ ਭਰ ਗਿਆ ਪਰ ਪਿਆਲੇ ਵਿੱਚ ਉਹ ਆਂਡੇ ਉਸੇ ਤਰ੍ਹਾਂ ਮੌਜੂਦ ਸਨ। ਫਿਰ ਸਹਾਬਾ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਉਸ ਵਿੱਚੋਂ ਖਾਧਾ ਅਤੇ ਫਿਰ ਅਸੀਂ ਅੱਗੇ ਰਵਾਨਾ ਹੋਏ।

ਇਸ ਸਫ਼ਰ ਦੇ ਦੌਰਾਨ ਇੱਕ ਊਠ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਤੇਜ਼ੀ ਨਾਲ਼ ਆਇਆ ਅਤੇ ਉਸ ਨੇ ਰੋਣਾ ਕੁਰਲਾਉਣਾ ਸ਼ੁਰੂ ਕਰ ਦਿੱਤਾ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੀ ਤੁਸੀਂ ਜਾਣਦੇ ਹੋ ਕਿ ਇਸ ਊਠ ਨੇ ਕੀ ਕਿਹਾ ਹੈ? ਇਹ ਆਪਣੇ ਮਾਲਿਕ ਦੀ ਸ਼ਿਕਾਇਤ ਕਰ ਰਿਹਾ ਹੈ ਕਿ ਇਸ ਦਾ ਮਾਲਿਕ ਕਈ ਸਾਲਾਂ ਤੋਂ ਇਸ ਕੋਲੋਂ ਖ਼ਿਦਮਤ ਲੈ ਰਿਹਾ ਹੈ ਅਤੇ ਹੁਣ ਇਸ ਨੂੰ ਜ਼ਿਬਾ ਕਰਨ ਦਾ ਇਰਾਦਾ ਰੱਖਦਾ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਦੇ ਮਾਲਿਕ ਕੋਲੋਂ ਉਸ ਊਠ ਨੂੰ ਖ਼ਰੀਦ ਕੇ ਜੰਗਲ ਵਿੱਚ ਚਰਨ ਲਈ ਛੱਡ ਦਿੱਤਾ।

ਇਸੇ ਗ਼ਜ਼ਵੇ ਵਿੱਚ ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਦਾ ਊਠ ਗਵਾਚ ਗਿਆ ਸੀ। ਆਪ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਹਨੇਰੀ ਰਾਤ ਵਿੱਚ ਮੇਰਾ ਊਠ ਗਵਾਚ ਗਿਆ। ਮੈਂ ਉਸ ਨੂੰ ਤਲਾਸ਼ ਕਰਦੇ ਹੋਏ ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲੋਂ ਲੰਘਿਆ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪੁੱਛਣ ਤੇ ਦੱਸਿਆ ਕਿ ਮੇਰਾ ਊਠ ਗਵਾਚ ਗਿਆ ਹੈ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਤੇਰਾ ਊਠ ਫ਼ਲਾਣੀ ਜਗ੍ਹਾ 'ਤੇ ਹੈ। ਜਾ ਅਤੇ ਉਸਨੂੰ ਲੈ ਆ। ਜਾਬਿਰ ਕਹਿੰਦੇ ਹਨ ਕਿ ਮੈਂ ਉਸ ਜਗ੍ਹਾ 'ਤੇ ਗਿਆ ਪਰ ਉੱਥੇ ਮੈਨੂੰ ਊਠ ਨਾ ਮਿਲਿਆ। ਮੈਂ ਵਾਪਸ ਹਾਜ਼ਿਰ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੁਬਾਰਾ ਉੱਥੇ ਜਾਣ ਦਾ ਇਰਸ਼ਾਦ ਕੀਤਾ, ਮੈਂ ਦੁਬਾਰਾ ਉੱਥੇ ਗਿਆ ਪਰ ਊਠ ਨਾ ਮਿਲਿਆ। ਇਸ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਰਮੀ ਫ਼ਰਮਾਉਂਦੇ ਹੋਏ ਮੇਰੇ ਨਾਲ਼ ਉੱਥੇ ਗਏ, ਇੱਥੋਂ ਤੱਕ ਕਿ ਅਸੀਂ ਊਠ ਤੱਕ ਪਹੁੰਚ ਗਏ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੈਨੂੰ ਊਠ ਫੜਾ ਦਿੱਤਾ।

ਭਾਵ ਇਸ ਗ਼ਜ਼ਵੇ ਵਿੱਚ ਕਈ ਚਮਤਕਾਰਾਂ ਦਾ ਜ਼ਿਕਰ ਹੈ। ਮਿਸਾਲ ਦੇ ਤੌਰ 'ਤੇ ਇਸੇ ਗ਼ਜ਼ਵੇ ਵਿੱਚ ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਦਾ ਇੱਕ ਊਠ ਸੁਸਤ ਹੋ ਗਿਆ ਸੀ। ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕੁੱਝ ਪਾਣੀ ਲੈ ਕੇ ਉਸ 'ਤੇ ਫੂਕ ਮਾਰੀ ਅਤੇ ਉਸ ਊਠ ਦੇ ਲੱਕ, ਸਿਰ ਅਤੇ ਪਿੱਠ 'ਤੇ ਉਹ ਪਾਣੀ ਛਿੜਕ ਦਿੱਤਾ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੋਟੀ ਨਾਲ਼ ਉਸ ਊਠ ਨੂੰ ਕੁੱਝ ਜ਼ਰਬਾਂ ਲਾਈਆਂ ਜਿਸ 'ਤੇ ਊਠ ਤੇਜ਼ ਹੋ ਗਿਆ।

ਇਸੇ ਤਰ੍ਹਾਂ ਇਸ ਗ਼ਜ਼ਵੇ ਦੇ ਦੌਰਾਨ ਲਗਨ ਵਿੱਚ ਪਾਣੀ ਵੱਧ ਜਾਣ ਅਤੇ ਚਮਤਕਾਰੀ ਬਰਕਤ ਦਾ ਵਾਕ਼ਿਆ ਵੀ ਮਿਲ਼ਦਾ ਹੈ।

ਨਬੀ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਸੇ ਤਰ੍ਹਾਂ ਦੇ ਚਮਤਕਾਰਾਂ ਦੇ ਬਾਰੇ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ, ਇਸ ਦਰਜੇ ਲਿਕ਼ਾ (ਮੁਲਾਕ਼ਾਤ) ਵਿੱਚ ਕਈ ਵਾਰ ਇਨਸਾਨ ਕੋਲੋਂ ਅਜਿਹੀਆਂ ਗੱਲਾਂ ਹੋ ਜਾਂਦੀਆਂ ਹਨ ਕਿ ਜਿਹੜੀਆਂ ਇਨਸਾਨੀਅਤ ਦੀ ਤਾਕ਼ਤਾਂ ਤੋਂ ਵਧੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ ਅਤੇ ਇਲਾਹੀ ਤਾਕ਼ਤ ਦਾ ਰੰਗ ਆਪਣੇ ਅੰਦਰ ਰੱਖਦੀਆਂ ਹਨ ਜਿਵੇਂ ਸਾਡੇ ਸੱਯਦ-ਓ-ਮੌਲਾ ਸੱਯਦੁੱਰ ਰਸੂਲ ਹਜ਼ਰਤ ਖ਼ਾਤਮੁਲ ਅੰਬਿਯਾ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜੰਗਿ ਬਦਰ ਵਿਚ ਇਕ ਕੰਕਰੀਆਂ ਦੀ ਮੁੱਠੀ ਕਾਫ਼ਰਾਂ 'ਤੇ ਚਲਾਈ ਅਤੇ ਉਹ ਮੁੱਠੀ ਕਿਸੇ ਦੁਆ ਦੇ ਦੁਆਰਾ ਨਹੀਂ ਬਲਕਿ ਖ਼ੁਦ ਆਪਣੀ ਰੂਹਾਨੀ ਤਾਕ਼ਤ ਨਾਲ਼ ਚਲਾਈ ਪਰ ਉਸ ਮੁੱਠੀ ਨੇ ਖ਼ੁਦਾਈ ਤਾਕ਼ਤ ਦਿਖਾਈ ਅਤੇ ਦੁਸ਼ਮਣਾਂ ਦੀ ਫ਼ੌਜ 'ਤੇ ਐਸਾ ਆਦਤ ਤੋਂ ਉਚੇਚਾ ਅਸਰ ਪਿਆ ਕਿ ਕੋਈ ਉਹਨਾਂ ਵਿੱਚੋਂ ਅਜਿਹਾ ਨਾ ਰਿਹਾ ਜਿਸ ਦੀ ਅੱਖ ਤੱਕ ਇਸ ਦਾ ਅਸਰ ਨਾ ਪਹੁੰਚਿਆ ਹੋਵੇ ਅਤੇ ਉਹ ਸਭ ਅੰਨ੍ਹਿਆਂ ਵਾਂਗ ਹੋ ਗਏ ਅਤੇ ਅਜਿਹੀ ਵਿਆਕੁਲਤਾ ਅਤੇ ਪਰੇਸ਼ਾਨੀ ਉਹਨਾਂ ਵਿੱਚ ਪੈਦਾ ਹੋ ਗਈ ਕਿ ਮਦਹੋਸ਼ਾਂ ਦੇ ਵਾਂਗ ਭੱਜਣਾ ਸ਼ੁਰੂ ਕਰ ਦਿੱਤਾ। ਇਸ ਚਮਤਕਾਰ ਦੇ ਵੱਲ ਅੱਲਾਹ ਤਆਲਾ ਨੇ ਇਸ ਆਇਤ ਵਿੱਚ ਇਸ਼ਾਰਾ ਕੀਤਾ ਹੈ وَمَا رَمَيْتَ إِذْ رَمَيْتَ وَلَٰكِنَّ اللّٰهَ رَمٰى ਯਾਨੀ ਜਦ ਤੂੰ ਉਸ ਮੁੱਠੀ ਨੂੰ ਸੁੱਟਿਆ,

ਤੂੰ ਨਹੀਂ ਸੁੱਟਿਆ ਬਲਕਿ ਖ਼ੁਦਾ ਤਆਲਾ ਨੇ ਸੁੱਟਿਆ। ਯਾਨੀ ਪਰਦੇ ਪਿੱਛੋਂ ਇਲਾਹੀ ਤਾਕ਼ਤ ਕੰਮ ਕਰ ਗਈ। ਇਨਸਾਨੀ ਤਾਕ਼ਤ ਦਾ ਇਹ ਕੰਮ ਨਹੀਂ ਸੀ।

ਅਤੇ ਅਜਿਹਾ ਹੀ ਦੂਸਰਾ ਚਮਤਕਾਰ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਜਿਹੜਾ ਸ਼ੱਕ਼ੁਲ ਕ਼ਮਰ (ਚੰਨ ਦੇ ਟੋਟੇ ਕਰਨ) ਦਾ ਹੈ, ਇਸੇ ਇਲਾਹੀ ਤਾਕ਼ਤ ਨਾਲ਼ ਜ਼ਹੂਰ ਵਿੱਚ ਆਇਆ ਕਿ ਕੋਈ ਦੁਆ ਉਸਦੇ ਨਾਲ਼ ਸ਼ਾਮਿਲ ਨਹੀਂ ਸੀ ਕਿਉਂਕਿ ਉਹ ਸਿਰਫ਼ ਉਂਗਲੀ ਦੇ ਇਸ਼ਾਰੇ ਨਾਲ਼, ਜਿਹੜੀ ਇਲਾਹੀ ਤਾਕ਼ਤ ਨਾਲ਼ ਭਰੀ ਹੋਈ ਸੀ, ਘਟਿਤ ਹੋ ਗਿਆ। ਅਤੇ ਇਸੇ ਕ਼ਿਸਮ ਦੇ ਹੋਰ ਵੀ ਬਹੁਤ ਸਾਰੇ ਚਮਤਕਾਰ ਹਨ ਜਿਹੜੇ ਸਿਰਫ਼ ਨਿੱਜੀ ਸ਼ਕਤੀ ਦੇ ਤੌਰ 'ਤੇ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦਿਖਾਏ, ਜਿਹਨਾਂ ਦੇ ਨਾਲ਼ ਕੋਈ ਦੁਆ ਨਹੀਂ ਸੀ। ਕਈ ਵਾਰ ਥੋੜੇ ਜਿਹੇ ਪਾਣੀ ਨੂੰ ਜਿਹੜਾ ਸਿਰਫ਼ ਇੱਕ ਪਿਆਲੇ ਵਿੱਚ ਸੀ, ਆਪਣੀਆਂ ਉਂਗਲੀਆਂ ਨੂੰ ਉਸ ਪਾਣੀ ਦੇ ਅੰਦਰ ਦਾਖ਼ਿਲ ਕਰਨ ਨਾਲ਼ ਇੰਨਾ ਜ਼ਿਆਦਾ ਕਰ ਦਿੱਤਾ ਕਿ ਸਾਰੀ ਫ਼ੌਜ ਅਤੇ ਊਠਾਂ ਅਤੇ ਘੋੜਿਆਂ ਨੇ ਉਹ ਪਾਣੀ ਪੀਤਾ ਅਤੇ ਫੇਰ ਵੀ ਉਹ ਪਾਣੀ ਅਜਿਹਾ ਹੀ ਆਪਣੀ ਮਿਕ਼ਦਾਰ ਵਿੱਚ ਮੌਜੂਦ ਸੀ। ਅਤੇ ਕਈ ਵਾਰ ਦੋ ਚਾਰ ਰੋਟੀਆਂ 'ਤੇ ਹੱਥ ਰੱਖਣ ਨਾਲ਼ ਹਜ਼ਾਰਾਂ ਭੁੱਖਿਆਂ ਪਿਆਸਿਆਂ ਦਾ ਉਹਨਾਂ ਨਾਲ਼ ਢਿੱਡ ਭਰ ਦਿੱਤਾ ਅਤੇ ਕਈ ਵਾਰ ਥੋੜੇ ਜਿਹੇ ਦੁੱਧ ਨੂੰ ਆਪਣੇ ਬੁੱਲਾਂ ਨਾਲ਼ ਬਰਕਤ ਦੇ ਕੇ ਇੱਕ ਜਮਾਅਤ ਦਾ ਢਿੱਡ ਉਸ ਨਾਲ਼ ਭਰ ਦਿੱਤਾ ਅਤੇ ਕਈ ਵਾਰ ਨਮਕੀਨ ਖੂਹ ਦੇ ਪਾਣੀ ਵਿੱਚ ਆਪਣੇ ਮੂੰਹ ਦਾ ਥੁੱਕ ਸੁੱਟ ਕੇ ਉਸ ਨੂੰ ਨਿਹਾਇਤ ਮਿੱਠਾ ਕਰ ਦਿੱਤਾ। ਅਤੇ ਕਈ ਵਾਰ ਭਿਆਨਕ ਜ਼ਖ਼ਮੀਆਂ 'ਤੇ ਆਪਣਾ ਹੱਥ ਰੱਖ ਕੇ ਉਹਨਾਂ ਨੂੰ ਚੰਗਾ ਕਰ ਦਿੱਤਾ ਤੇ ਕਈ ਵਾਰ ਅੱਖਾਂ ਨੂੰ, ਜਿਹਨਾਂ ਦੇ ਡੇਲੇ ਲੜਾਈ ਦੇ ਸਦਮੇ ਨਾਲ਼ ਬਾਹਰ ਜਾ ਪਏ ਸਨ, ਆਪਣੇ ਹੱਥ ਦੀ ਬਰਕਤ ਨਾਲ਼ ਫਿਰ ਦਰੁਸਤ ਕਰ ਦਿੱਤਾ। ਅਜਿਹੇ ਹੀ ਹੋਰ ਬਹੁਤ ਸਾਰੇ ਕੰਮ ਆਪਣੀ ਨਿੱਜੀ ਸ਼ਕਤੀ ਨਾਲ਼ ਕੀਤੇ ਜਿਹਨਾਂ ਦੇ ਨਾਲ਼ ਇੱਕ ਛੁਪੀ ਹੋਈ ਇਲਾਹੀ ਤਾਕ਼ਤ ਮਿਲੀ ਹੋਈ ਸੀ।

أَلْحَمْدُ لِلّٰهِ نَحْمَدُهٗ وَنَسْتَعِينُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞